ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵਿਸ਼ਾ: ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਫਿਲਮ ਬਣਾਉਣ ਹਿੱਤ ਰਚਨਾ ਲਿਖਣ ਬਾਰੇ।

1.0 ਇਸ ਦਫਤਰ ਵੱਲੋਂ ਪੰਜਾਬ ਦੇ ਚੜ੍ਹਦੀ ਉਮਰ ਦੇ ਨੌਜਵਾਨ ਜੋ ਕਿ ਸਕੂਲਾਂ ਵਿੱਚ ਦਸਵੀਂ , ਗਿਆਰਵੀਂ ਅਤੇ ਬਾਰਵੀਂ ਜਮਾਤ ਵਿੱਚ ਪੜ੍ਹਦੇ ਹਨ ਵਿੱਚ ਨਸ਼ਿਆਂ ਵਿਰੁੱਧ ਜਾਗਰੁਕਤਾ ਪੈਦਾ ਕਰਨ ਹਿੱਤ ਇਕ ਤੀਹ ਮਿੰਟ ਦੀ ਪੰਜਾਬੀ ਫਿਲਮ ਬਣਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ । ਇਸ ਫਿਲਮ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਵਿਰੁੱਧ ਭਾਵਨਾਤਮਿਕ ਤੌਰ ਤੇ ਝੰਝੋੜਨਾ ਹੈ। ਇਹ ਰਚਨਾ ਹੇਠ ਲਿਖੇ ਅਨੁਸਾਰ ਤਿਆਰ ਕਰਨੀ ਹੈ :-

ੳ. ਰਚਨਾ ਇਸ ਤਰ੍ਹਾਂ ਦੀ ਹੋਵੇ ਕਿ ਉਸ ਨਾਲ ਲਗਭਗ 30 ਮਿੰਟ ਦੀ ਰਨਿੰਗ ਫਿਲਮ ਤਿਆਰ ਕਰਵਾਈ ਜਾ ਸਕੇ, ਜਿਸ ਦਾ ਮਕਸਦ ਸਕੂਲ ਦੇ ਵਿਦਿਆਰਥੀਆਂ ਨੂੰ ਝੰਝੋੜ ਦੇਣ ਵਾਲੀ ਕਹਾਣੀ ਨਾਲ ਨਸ਼ਿਆਂ ਤੋਂ ਸੁਚੇਤ ਰਹਿਣ ਲਈ ਪ੍ਰੇਰਨਾ ਦੇਣਾ ਹੋਵੇ ਜੋ ਉਹਨਾਂ ਅਤੇ ਵਡੇਰਿਆਂ ਦੇ ਦਿਲ ਨੂੰ ਟੁੰਬ ਦੇਵੇ।

ਅ. ਇਹ ਰਚਨਾ ਡਾਕੂਮੈਂਟਰੀ ਨਾ ਹੋਵੇ ਸਗੋਂ ਇਹ ਕਿਸੇ ਸਮਾਜਿਕ ਕਹਾਣੀ ਤੇ ਆਧਾਰਿਤ ਹੋਵੇ।

ੲ. ਉਕਤ ਦੱਸੀ ਰਚਨਾ ਹਿੱਤ ਲੇਖਕਾਂ ਤੋਂ ਉਹਨਾਂ ਦੁਆਰਾ ਕੀਤੀ ਮੂਲ ਰਚਨਾ ਦੀ ਮੰਗ ਕੀਤੀ ਜਾਂਦੀ ਹੈ। ਇਹ ਰਚਨਾ ਮਿਤੀ 07 ਮਾਰਚ, 2013 ਤੱਕ ਉਕਤ ਦੱਸੇ ਪਤੇ ਤੇ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਤਿਆਰ ਕਰਨ ਅਤੇ ਭੇਜਣ ਦਾ ਮੁਕੰਮਲ ਖਰਚਾ ਸਬੰਧਤ ਲਿਖਾਰੀਆਂ ਦਾ ਹੋਵੇਗਾ ਪ੍ਰੰਤੂ ਸਮੇਂ ਸਿਰ ਪ੍ਰਾਪਤ ਰਚਨਾਵਾਂ ਵਿੱਚੋਂ ਪਹਿਲੀਆਂ ਤਿੰਨ ਪੋਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਰਚਨਾਵਾਂ ਨੂੰ ਕਰਮਵਾਰ ਪਹਿਲਾ ਸਥਾਨ 25000/- ਰੁਪਏ, ਦੂਜਾ ਸਥਾਨ 20000/- ਰੁਪਏ ਅਤੇ ਤੀਜਾ ਸਥਾਨ ਨੂੰ 10000/- ਰੁਪਏ ਇਨਾਮ ਵੱਜੋਂ ਦਿੱਤੇ ਜਾਣਗੇ।

ਸ. ਰਚਨਾਵਾਂ ਦੀ ਚੋਣ ਕਰਨ ਦਾ ਅਧਿਕਾਰ ਪ੍ਰੋਜੈਕਟ ਡਾਇਰੈਕਟਰ, ਪੰਜਾਬ ਐਜੂਸੈਟ ਸੁਸਾਇਟੀ ਦਾ ਹੋਵੇਗਾ ਅਤੇ ਇਸ ਸਬੰਧੀ ਪੰਜਾਬ ਐਜੂਸੈਟ ਸੁਸਾਇਟੀ ਦਾ ਨਿਰਣਾ ਹੀ ਅੰਤਿਮ ਹੋਵੇਗਾ । ਇਸ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਮੋਬਾਇਲ ਨੰ: 9988551133 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੋਸਾਇਟੀ